Leicestershire Partnership
NHS Trust

Room 100/110 Pen Lloyd Building
County Hall
Leicester Road
Glenfield
Leicestershire
LE3 8RA

Tel: 0116 225 6000
www.leicspart.nhs.uk

2025

ਟੈਲੀਫੋਨ: 0300 3000 007
ਈਮੇਲ: lpt.sais@nhs.net

ਪਿਆਰੇ ਮਾਤਾ/ਪਿਤਾ/ਦੇਖਭਾਲਕਰਤਾ ਅਤੇ ਕਿਸ਼ੋਰ,

**ਨੌਜਵਾਨਾਂ ਲਈ 3-ਇਨ-1 ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ਵੈਕਸੀਨੇਸ਼ਨ ਪ੍ਰੋਗਰਾਮ**

ਅਸੀਂ ਸਕੂਲੀ ਸਾਲ 9 (13 ਤੋਂ 14 ਸਾਲ ਦੀ ਉਮਰ) ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਕਿਸ਼ੋਰਾਂ ਨੂੰ ਦੋ ਮਹੱਤਵਪੂਰਨ ਵੈਕਸੀਨੇਸ਼ਨਾਂ ਲੈਣ ਦਾ ਮੌਕਾ ਦੇ ਰਹੇ ਹਾਂ ਜੋ ਉਸ ਸੁਰੱਖਿਆ ਨੂੰ ਜਾਰੀ ਰੱਖਦੀਆਂ ਹਨ, ਜਾਂ ਪੂਰਾ ਕਰਦੀਆਂ ਹਨ, ਜੋ ਉਹਨਾਂ ਨੂੰ ਬਾਲ ਵੈਕਸੀਨੇਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ ਮਿਲੀ ਸੀ। ਇਹ ਵੈਕਸੀਨਾਂ ਉੱਪਰਲੀ ਬਾਂਹ ਵਿੱਚ ਤੇਜ਼ੀ ਨਾਲ ਦਿੱਤੀਆਂ ਜਾਂਦੀਆਂ ਹਨ ਅਤੇ ਸੈਕੰਡਰੀ ਸਕੂਲ ਵਿੱਚ ਹੋਣ ਦੌਰਾਨ ਸਿਰਫ ਇੱਕ ਵਾਰ ਦਿੱਤੇ ਜਾਣ ਦੀ ਲੋੜ ਹੁੰਦੀ ਹੈ।

ਇਹ ਰੁਟੀਨ ਵੈਕਸੀਨੇਸ਼ਨਾਂ **ਮੁਫਤ, ਸੁਰੱਖਿਅਤ ਅਤੇ ਪ੍ਰਭਾਵੀ** ਹਨ। ਇਹ ਹਨ:

- **3-ਇਨ-1 ਕਿਸ਼ੋਰ ਬੂਸਟਰ ਵੈਕਸੀਨ,** ਜੋ ਟੈਟਨਸ, ਡਿਪਥੀਰੀਆ, ਪੋਲੀਓ (Td/IPV) ਤੋਂ ਬਚਾਉਂਦੀ ਹੈ। ਇਹਨਾਂ ਸਾਰੀਆਂ ਬਿਮਾਰੀਆਂ ਦੇ ਘਾਤਕ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਸਾਹ ਲੈਣ ਵਿੱਚ ਸਮੱਸਿਆਵਾਂ ਪੈਦਾ ਕਰ ਸਕਦੀਆਂ ਹਨ, ਦਿਮਾਗੀ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਗੰਭੀਰ ਨੁਕਸਾਨ ਪਹੁੰਚਾ ਸਕਦੀਆਂ ਹਨ। ਹੋਰ ਜਾਣਕਾਰੀ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ: tiny.cc/boosterleaflet
- **ਮੈਨਿਨਜਾਈਟਿਸ ACWY ਵੈਕਸੀਨ,** ਜੋ ਮੈਨਿਨਜਾਈਟਿਸ ਦੀਆਂ ਕਿਸਮ A, C, W ਅਤੇ Y ਤੋਂ ਬਚਾਉਂਦੀ ਹੈ ਜੋ ਕਿ ਮੈਨਿਨਜਾਈਟਿਸ (ਦਿਮਾਗ ਦੀ ਅੰਦਰੂਨੀ ਪਰਤ ਦੀ ਸੋਜਸ਼) ਅਤੇ ਸੈਪਟੀਸੀਮੀਆ (ਖੂਨ ਵਿੱਚ ਜ਼ਹਿਰੀਲਾਪਣ) ਦਾ ਕਾਰਨ ਬਣ ਸਕਦੀ ਹੈ। ਹੋਰ ਜਾਣਕਾਰੀ ਲੈਣ ਲਈ, ਇਸ ਵੈੱਬਸਾਈਟ 'ਤੇ ਜਾਓ: tiny.cc/menacwyleaflet

ਉਪਰੋਕਤ ਬਿਮਾਰੀਆਂ ਵਿੱਚੋਂ ਕਿਸੇ ਦਾ ਵੀ ਕੋਈ ਇਲਾਜ ਨਹੀਂ ਹੈ, ਇਸ ਲਈ ਸੁਰੱਖਿਅਤ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ ਵੈਕਸੀਨਾਂ ਲਗਵਾਉਣਾ।

## ਸਹਿਮਤੀ ਪ੍ਰਕਿਰਿਆ ਬਾਰੇ ਮਹੱਤਵਪੂਰਨ ਤਬਦੀਲੀਆਂ: ਕਿਸ਼ੋਰ ਹੁਣ ਵੈਕਸੀਨਾਂ ਲਈ ਸਹਿਮਤੀ ਦੇ ਸਕਦੇ ਹਨ।

ਜੇ ਸਾਨੂੰ ਵੈਕਸੀਨੇਸ਼ਨਾਂ ਲਈ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਦੀ ਸਹਿਮਤੀ ਨਹੀਂ ਮਿਲਦੀ ਹੈ, ਤਾਂ ਹੇਠਾਂ ਦਿੱਤੀ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ, ਅਸੀਂ ਉਸ ਦਿਨ ਕਿਸ਼ੋਰ ਨੂੰ ਵੈਕਸੀਨੇਸ਼ਨ ਵਾਸਤੇ ਸਵੈ-ਸਹਿਮਤੀ ਦੇਣ ਦੀ ਇਜਾਜ਼ਤ ਦੇ ਸਕਦੇ ਹਾਂ। ਅਸੀਂ ਇਹ ਮੌਕਾ ਸਿਰਫ ਸਾਲ 8 ਅਤੇ ਇਸ ਤੋਂ ਵੱਧ ਉਮਰ ਦੇ ਕਿਸ਼ੋਰਾਂ ਨੂੰ ਹੀ ਦੇਵਾਂਗੇ, ਜਿਨ੍ਹਾਂ ਨੇ ਵੈਕਸੀਨੇਸ਼ਨ ਬਾਰੇ ਢੁਕਵੀਂ ਜਾਣਕਾਰੀ ਪੜ੍ਹ ਲਈ ਹੈ ਅਤੇ ਜਿਨ੍ਹਾਂ ਦਾ ਇੱਕ ਸਿਹਤ ਪੇਸ਼ੇਵਰ ਦੁਆਰਾ, ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਿ ਇਸ ਵਿੱਚ ਕੀ ਸ਼ਾਮਲ ਹੈ, ਲੋੜੀਂਦੀ ਸਮਝ ਹੋਣ ਦਾ ਮੁਲਾਂਕਣ ਕੀਤਾ ਗਿਆ ਹੈ। ਸਿਰਫ ਉਹਨਾਂ ਨੂੰ ਹੀ ਇਹ ਟੀਕਾਕਰਨ ਦਿੱਤਾ ਜਾਵੇਗਾ ਜੋ ਇਸ ਨੂੰ ਪ੍ਰਾਪਤ ਕਰਨ ਵਿੱਚ ਸਪਸ਼ਟ ਤੌਰ 'ਤੇ ਆਰਾਮਦੇਹ ਹਨ।

ਜੇਕਰ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਿਆਂ ਨੇ ਜਵਾਬ ਦਿੱਤਾ ਹੈ ਅਤੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਤਾਂ ਕਿਸ਼ੋਰ ਦੁਆਰਾ ਇਸ ਫੈਸਲੇ ਨੂੰ ਬਦਲਿਆ ਨਹੀਂ ਜਾ ਸਕਦਾ ਹੈ, ਅਤੇ ਅਸੀਂ ਵੈਕਸੀਨ ਨਹੀਂ ਦੇਵਾਂਗੇ। ਹਮੇਸ਼ਾ ਵਾਂਗ, ਅਸੀਂ ਕਿਸ਼ੋਰਾਂ ਅਤੇ ਉਹਨਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਪੇਸ਼ ਕੀਤੀ ਜਾ ਰਹੀ ਵੈਕਸੀਨ ਬਾਰੇ ਗੱਲਬਾਤ ਕਰਨ ਅਤੇ ਇਕੱਠੇ ਮਿਲ ਕੇ ਫਾਰਮ ਭਰਨ ਲਈ ਉਤਸ਼ਾਹਿਤ ਕਰਦੇ ਹਾਂ।

ਸਹਿਮਤੀ ਬਾਰੇ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ:

www.leicspart.nhs.uk/service/schoolagedimms ਜਾਂ ਤੁਸੀਂ ਇਹ ਵੀਡੀਓ ਹੇਠਾਂ ਦੇਖ ਸਕਦੇ ਹੋ:




**ਵੈਕਸੀਨਾਂ ਅਤੇ ਸਹਿਮਤੀ ਨੂੰ ਸਮਝਣਾ**

tiny.cc/vaccinationsandconsent




**ਸਾਡੀ ਕਲੀਨਿਕਲ ਲੀਡ ਸਵੈ-ਸਹਿਮਤੀ ਦੀ ਵਿਆਖਿਆ ਕਰਦੀ ਹੈ**

tiny.cc/selfconsent

ਜੇ ਤੁਸੀਂ ਨਹੀਂ ਚਾਹੁੰਦੇ ਕਿ ਕਿਸ਼ੋਰ ਨੂੰ ਵੈਕਸੀਨ ਦਿੱਤੀ ਜਾਵੇ ਤਾਂ ਵੀ ਤੁਸੀਂ ਸਾਨੂੰ ਦੱਸ ਸਕਦੇ ਹੋ।

## ਵੈਕਸੀਨੇਸ਼ਨਾਂ ਲਈ ਆਪਣੀ ਸਹਿਮਤੀ ਦਾ ਫੈਸਲਾ ਕਿਵੇਂ ਦੇਣਾ ਹੈ

- ਆਪਣੇ ਸਕੂਲ ਲਈ ਕੋਡ ਨੂੰ ਨੋਟ ਕਰੋ। **[School name]** ਲਈ ਸਕੂਲ ਕੋਡ **[School Code]** ਹੈ
- **www.leicsandrutlandimms.co.uk** 'ਤੇ ਜਾਓ ਜਾਂ ਸਿੱਧਾ ਵੈੱਬਸਾਈਟ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਦੇ ਹੋਏ QR ਕੋਡ ਨੂੰ ਸਕੈਨ ਕਰੋ।
- **3-ਇਨ-1 ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ACWY** ਚੁਣੋ ਅਤੇ ਸਕੂਲ ਕੋਡ ਦਾਖਲ ਕਰੋ।

Trust Headquarters: Room 100/110 Pen Lloyd Building, County Hall, Leicester Road, Glenfield, Leicestershire. LE3 8RA
Chair: Crishni Waring  Chief Executive: Angela Hillery

- ਸਹਿਮਤੀ ਦੇ ਫੈਸਲੇ ਪੰਨੇ 'ਤੇ, ਕਿਰਪਾ ਕਰਕੇ ਇਹ ਚੁਣੋ:
  - ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਕਿਸ਼ੋਰ ਨੂੰ ਇੱਕ ਜਾਂ ਦੋਵੇਂ ਵੈਕਸੀਨਾਂ ਦਿੱਤੀਆਂ ਜਾਣ।
  - ਮੈਂ ਨਹੀਂ ਚਾਹੁੰਦਾ/ਚਾਹੁੰਦੀ ਕਿ ਕਿਸ਼ੋਰ ਨੂੰ ਕੋਈ ਵੀ ਵੈਕਸੀਨ ਦਿੱਤੀ ਜਾਵੇ।
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।


ਜੇ ਤੁਸੀਂ ਔਨਲਾਈਨ ਫਾਰਮ ਨਹੀਂ ਭਰ ਸਕਦੇ ਹੋ, ਤਾਂ ਕਿਰਪਾ ਕਰਕੇ ਸਾਨੂੰ **0300 3000 007** 'ਤੇ ਕਾਲ ਕਰੋ ਜਾਂ ਆਪਣੇ ਸੰਪਰਕ ਵੇਰਵਿਆਂ ਦੇ ਨਾਲ **lpt.sais@nhs.net** 'ਤੇ ਈਮੇਲ ਕਰੋ। ਜੇਕਰ ਤੁਸੀਂ ਆਪਣੀ ਸਹਿਮਤੀ ਦੇ ਫੈਸਲੇ ਬਾਰੇ ਆਪਣਾ ਮਨ ਬਦਲਦੇ ਹੋ ਤਾਂ ਕਿਰਪਾ ਕਰਕੇ ਇਸਨੂੰ ਬਦਲਣ ਲਈ ਉੱਪਰ ਦਿੱਤੇ ਨੰਬਰ 'ਤੇ ਸਾਨੂੰ ਕਾਲ ਕਰੋ।



ਤੁਹਾਡਾ ਸਕੂਲ ਤੁਹਾਨੂੰ ਦੱਸੇਗਾ ਕਿ ਵੈਕਸੀਨੇਸ਼ਨ ਸੈਸ਼ਨ ਕਦੋਂ ਹੋਵੇਗਾ। **ਸਹਿਮਤੀ ਪ੍ਰਣਾਲੀ ਵੈਕਸੀਨੇਸ਼ਨ ਸੈਸ਼ਨ ਤੋਂ ਦੋ ਕੰਮਕਾਜੀ ਦਿਨ ਪਹਿਲਾਂ ਬੰਦ ਹੋ ਜਾਵੇਗੀ।** ਤੁਸੀਂ ਉਸੇ ਦਿਨ ਸਹਿਮਤੀ ਫਾਰਮ ਜਮ੍ਹਾਂ ਨਹੀਂ ਕਰ ਸਕੋਗੇ।


ਤਹਿ ਦਿਲੋਂ,

ਸਕੂਲੀ ਉਮਰ ਲਈ ਟੀਕਾਕਰਨ ਸੇਵਾ

| **ਅਕਸਰ ਪੁੱਛੇ ਜਾਂਦੇ ਸਵਾਲ** | |
|---|---|
| ਕਿਹੜੀ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ? | 3-ਇਨ-1 ਕਿਸ਼ੋਰ ਬੂਸਟਰ ਲਈ ਵੈਕਸੀਨ ਰੇਵੈਕਸਿਸ (Revaxis) ਹੈ।<br>ਮੈਨਿਨਜਾਈਟਿਸ ACWY ਲਈ ਵੈਕਸੀਨ ਨਿਮੇਨਰਿਕਸ (Nimenrix) ਹੈ। |
| ਮਾੜੇ ਪ੍ਰਭਾਵ ਕੀ ਹਨ? | ਸਾਰੀਆਂ ਦਵਾਈਆਂ ਦੀ ਤਰ੍ਹਾਂ, ਇਸ ਵੈਕਸੀਨ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਹਾਲਾਂਕਿ ਇਹ ਹਰ ਇੱਕ ਵਿਅਕਤੀ ਨੂੰ ਨਹੀਂ ਹੁੰਦੇ ਹਨ। ਕਿਸ਼ੋਰਾਂ ਵਿੱਚ ਟੀਕੇ ਵਾਲੀ ਥਾਂ 'ਤੇ ਥੋੜ੍ਹੀ ਜਿਹੀ ਲਾਲੀ ਪੈਦਾ ਹੋ ਸਕਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵੈਕਸੀਨ ਦੇ ਉਤਪਾਦ ਪਰਚੇ ਪੜ੍ਹੋ। |
| ਮੈਂ ਵੈਕਸੀਨ ਉਤਪਾਦ ਬਾਰੇ ਪਰਚਾ ਕਿੱਥੇ ਪੜ੍ਹ ਸਕਦਾ/ਸਕਦੀ ਹਾਂ? | 3-ਇਨ-1 ਕਿਸ਼ੋਰ ਬੂਸਟਰ ਲਈ, ਇਹ ਵੈੱਬਸਾਈਟ ਦੇਖੋ: tiny.cc/3in1pil<br>ਮੈਨਿਨਜਾਈਟਿਸ ACWY ਲਈ, ਇਹ ਵੈੱਬਸਾਈਟਾਂ ਦੇਖੋ: Nimenrix ਲਈ tiny.cc/menacwypil ਅਤੇ MenQuadfi ਲਈ tiny.cc/Menquadfipil |
| ਕੀ ਮੈਨੂੰ ਇਹ ਜਾਣਕਾਰੀ ਵੀਡੀਓ ਫਾਰਮੈਟ ਵਿੱਚ ਮਿਲ ਸਕਦੀ ਹੈ? | ਸਾਡੀਆਂ ਨਰਸਾਂ ਵਿੱਚੋਂ ਇੱਕ ਨੂੰ ਵੈਕਸੀਨੇਸ਼ਨਾਂ ਬਾਰੇ ਗੱਲ ਕਰਦੇ ਹੋਏ ਸੁਣੋ: http://tiny.cc/boosterinfo<br><br> |

| | |
|---|---|
| ਕਿਸ਼ੋਰ ਵੈਕਸੀਨੇਸ਼ਨ ਦੀ ਤਿਆਰੀ ਕਿਵੇਂ ਕਰ ਸਕਦੇ ਹਨ? | 3-ਇਨ-1 ਕਿਸ਼ੋਰ ਬੂਸਟਰ ਅਤੇ MenACWY ਵੈਕਸੀਨਾਂ ਲਈ ਸਾਡਾ ਐਨੀਮੇਸ਼ਨ ਦੇਖੋ: tiny.cc/3in1andmenACWYanimation   |
| ਕਿਸ਼ੋਰ ਸੂਈਆਂ ਤੋਂ ਡਰਦਾ ਹੈ, ਕੀ ਕੋਈ ਸਹਾਇਤਾ ਉਪਲਬਧ ਹੈ? | ਤੁਸੀਂ ਇਸ ਜਾਣਕਾਰੀ ਨੂੰ ਆਪਣੇ ਸਹਿਮਤੀ ਫਾਰਮ ਵਿੱਚ ਸ਼ਾਮਲ ਕਰ ਸਕਦੇ ਹੋ ਅਤੇ ਸਾਡੀ ਟੀਮ ਸਹਾਇਤਾ ਕਰਨ ਲਈ ਬਿਹਤਰੀਨ ਕੋਸ਼ਿਸ਼ ਕਰੇਗੀ।<br>ਇਹ ਵੀਡੀਓ ਕਿਸ਼ੋਰਾਂ ਨੂੰ ਉਹਨਾਂ ਦੇ ਵੈਕਸੀਨੇਸ਼ਨ ਅਨੁਭਵ ਬਾਰੇ ਭਰੋਸਾ ਦਿਵਾਉਣ ਵਿੱਚ ਮਦਦ ਕਰ ਸਕਦਾ ਹੈ: tiny.cc/reassurance – ਇਹ ਵੀਡੀਓ ਵੀ ਹੈ: tiny.cc/toptipsforvaccinations |
| ਇਹ ਕਹਿੰਦਾ ਹੈ ਕਿ ਈਮੇਲ ਪਤੇ ਮੇਲ ਨਹੀਂ ਖਾਂਦੇ ਜਾਂ ਇਹ ਸਕੂਲ ਕੋਡ ਨੂੰ ਨਹੀਂ ਪਛਾਣਦਾ। | ਯਕੀਨੀ ਬਣਾਓ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੋਈ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਹੀਂ ਹਨ। |
| ਜੇ ਕਿਸ਼ੋਰ ਸੈਸ਼ਨ ਵਾਲੇ ਦਿਨ ਗੈਰਹਾਜ਼ਰ ਜਾਂ ਬਿਮਾਰ ਹੋਵੇ ਤਾਂ ਕੀ ਹੋਵੇਗਾ? | ਵੈਕਸੀਨੇਸ਼ਨ ਲਈ ਇੱਕ ਵਾਧੂ ਮੌਕਾ ਉਪਲਬਧ ਕਰਵਾਇਆ ਜਾਵੇਗਾ। |
| ਰਾਸ਼ਟਰੀ ਵੈਕਸੀਨੇਸ਼ਨ ਪ੍ਰੋਗਰਾਮ ਕੀ ਹੈ? | ਹੋਰ ਜਾਣਕਾਰੀ ਲਈ www.nhs.uk/conditions/vaccinations 'ਤੇ ਜਾਓ। |

| **ਤੁਸੀਂ ਵੈਕਸੀਨੇਸ਼ਨ ਦੀ ਪੇਸ਼ਕਸ਼ ਬਾਰੇ ਇਹਨਾਂ ਭਾਸ਼ਾਵਾਂ ਵਿੱਚ ਵੀ ਜਾਣ ਸਕਦੇ ਹੋ:** | | |
|---|---|---|
| **ਅਰਬੀ** | **ਫਾਰਸੀ** | **ਗੁਜਰਾਤੀ** |
|  |  |  |
| tiny.cc/boosterinfoarabic | tiny.cc/boosterinfofarsi | tiny.cc/fluinfogujarati |
| **ਹਿੰਦੀ** | **ਪੋਲਿਸ਼** | **ਪੰਜਾਬੀ** |
|  |  | |

| | | |
|---|---|---|
| tiny.cc/fluinfohindi | tiny.cc/fluinfopolish | tiny.cc/fluinfopunjabi |
| **ਸਪੈਨਿਸ਼** | **ਸੋਮਾਲੀ** | **ਉਰਦੂ** |
|  | | |
| tiny.cc/fluinfospanish | tiny.cc/fluinfosomali | tiny.cc/fluinfourdu |

**ਜੇ ਤੁਸੀਂ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ:**
**www.leicspart.nhs.uk/service/schoolagedimms**

| | |
|---|---|
| ਅਰਬੀ | ذا كنت ترغب في قراءة هذه الرسالة بلغة أخرى، قم بزيارة موقعنا على الإنترنت |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |
| ਯੂਕ੍ਰੇਨਿਆਈ | Якщо ви хотіли б прочитати цей лист іншою мовою, відвідайте |